

ਵਰਕਸ਼ਾਪ ਵਿਚ ਭਾਗ ਲੈਣ ਵਾਲੇ ਬੱਚਿਆਂ ਨੂੰ ਸਾਹਿਤ ਅਕਾਦਮੀ ਵਲੋਂ ਸਰਟੀਫਿਕੇਟ ਦੇਣ ਦੌਰਾਨ ਸਮੂਹਿਕ ਤਸਵੀਰ 'ਚ ਪ੍ਰਬੰਧਕ ਤੇ ਬੱਚੇ।

# ਸਾਹਿਤ ਅਕਾਦਮੀ ਵਲੋਂ ਬੱਚਿਆਂ ਲਈ ਰਚਨਾਤਮਿਕ ਲੇਖਣ 'ਤੇ ਆਯੋਜਿਤ ਵਰਕਸ਼ਾਪ ਸਮਾਪਤ

ਨਵੀਂ ਦਿੱਲੀ, 2 ਜੂਨ (ਜਸਮਨਦੀਪ ਭਾਟੀਆ)- ਸਾਹਿਤ ਅਕਾਦਮੀ ਨੇ 'ਕਿੱਸਾ-ਓ-ਕਲਮ' ਸਿਰਲੇਖ ਵਾਲੀ ਬੱਚਿਆਂ ਲਈ ਇਕ ਰਚਨਾਤਮਿਕ ਲੇਖਣ ਦਾ ਆਯੋਜਨ 26-30 ਮਈ ਨੂੰ ਕੀਤਾ। ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਆਯੋਜਿਤ ਹੋਣ ਵਾਲੀ ਇਸ ਵਰਕਸ਼ਾਪ ਨੂੰ ਸਾਹਿਤ ਅਕਾਦਮੀ ਨੇ 2017 ਵਿਚ ਸ਼ੁਰੂ ਕੀਤਾ ਸੀ। ਇਸ ਵਾਰ ਵਰਕਸ਼ਾਪ ਦਾ ਇਹ ਛੇਵਾਂ ਐਡੀਸ਼ਨ ਸੀ। ਬੱਚਿਆਂ ਅਤੇ ਨੌਜਵਾਨ ਪੀੜ੍ਹੀ ਨੂੰ ਭਾਸ਼ਾ ਅਤੇ ਸਾਹਿਤ ਦੇ ਪ੍ਰਤੀ ਉਤਸ਼ਾਹਿਤ ਕਰਨ ਅਤੇ ਸੰਵੇਦਨਸ਼ੀਲ ਬਣਾਉਣ ਦੇ ਉਦੇਸ਼ ਨਾਲ ਕੀਤੀ ਗਈ ਇਸ ਪੰਜ ਦਿਨਾਂ ਦੀ ਵਰਕਸ਼ਾਪ ਦੌਰਾਨ ਉਨ੍ਹਾਂ ਨੂੰ ਭਾਸ਼ਾ, ਆਪਣੀ ਰਚਨਾਤਮਿਕ ਅਭਿਵਿਅਕਤੀ ਵਿਚ ਕਲਪਨਾ ਨੂੰ ਵਧਾਉਣ ਵਿਚ ਮਦਦ ਕਰਨ ਵਾਲੇ ਤੱਤਾਂ

## 43 ਬੱਚਿਆਂ ਨੇ ਲਿਆ ਹਿੱਸਾ

ਬਾਰੇ ਜਾਣਕਾਰੀ ਦਿੱਤੀ ਗਈ। ਬੱਚਿਆਂ ਨੂੰ ਪੜ੍ਹਨ ਅਤੇ ਲਿਖਣ ਦਾ ਆਨੰਦ ਲੈਣ, ਭਾਸ਼ਾ ਨਾਲ ਖੇਡਣ ਅਤੇ ਇਸ ਨੂੰ ਆਪਣੀ ਲਿਖਤ ਦਾ ਹਿੱਸਾ ਬਣਾਉਣ ਦੀ ਦਿਸ਼ਾ ਵੱਲ ਪਹਿਲੇ ਕਦਮ ਦੇ ਤੌਰ 'ਤੇ ਕੀ ਕਰਨਾ ਚਾਹੀਦਾ ਹੈ, ਇਸ ਬਾਰੇ ਵੀ ਜਾਣਕਾਰੀ ਦਿੱਤੀ ਗਈ। ਬੱਚਿਆਂ ਨੂੰ ਵਿਅਕਤੀਗਤ ਅਤੇ ਸਮੂਹਿਕ ਤੌਰ 'ਤੇ ਗੱਲਬਾਤ ਕਰਨ ਲਈ ਪ੍ਰੇਰਿਤ ਕਰਨਾ ਵੀ ਵਰਕਸ਼ਾਪ ਦਾ ਮੁੱਖ ਉਦੇਸ਼ ਸੀ। ਆਖਰੀ ਦਿਨ ਭਾਗ ਲੈਣ ਵਾਲੇ ਬੱਚਿਆਂ ਨੇ ਉਨ੍ਹਾਂ ਕਹਾਣੀਆਂ ਨੂੰ ਪੜ੍ਹ ਕੇ ਸੁਣਾਇਆ ਜੋ ਉਨ੍ਹਾਂ ਨੇ ਪੂਰੀ ਤਰ੍ਹਾਂ ਆਪਣੇ ਆਪ ਪੰਜਾਂ ਦਿਨਾਂ ਵਿਚ ਬਣਾਈਆਂ ਸਨ। ਵਰਕਸ਼ਾਪ ਦੌਰਾਨ ਬਾਲ ਸਾਹਿਤ ਦੇ ਇਕ ਪ੍ਰਸਿੱਧ ਲੇਖਕ ਨਾਲ ਇਕ ਵਿਸ਼ੇਸ਼ ਗੱਲਬਾਤ ਦਾ ਆਯੋਜਨ ਕੀਤਾ ਗਿਆ। ਇਸ ਵਾਰ ਪ੍ਰਸਿੱਧ ਲੇਖਿਕਾ ਮੇਘਾ ਗੁਪਤਾ ਨਾਲ ਵਿਸ਼ੇਸ਼ ਗੱਲਬਾਤ ਕਰਵਾਈ ਗਈ। ਵਰਕਸ਼ਾਪ ਦੇ ਆਖਰੀ ਦਿਨ ਭਾਗ ਲੈਣ ਵਾਲੇ ਬੱਚਿਆਂ ਦੇ ਮਾਪੇ ਵੀ ਆਡੀਟੋਰੀਅਮ ਵਿਚ ਸ਼ਾਮਿਲ ਹੋਏ। ਸਾਹਿਤ ਅਕਾਦਮੀ ਦੇ ਸਕੱਤਰ ਡਾ. ਕੇ. ਸ੍ਰੀਨਿਵਾਸ ਰਾਓ ਨੇ ਬੱਚਿਆਂ ਨੂੰ ਭਾਗੀਦਾਰੀ ਸਰਟੀਫਿਕੇਟ ਦਿੱਤੇ। ਡਿਪਟੀ ਸਕੱਤਰ (ਪ੍ਰਕਾਸ਼ਨ) ਡਾ. ਐਨ. ਸੁਰੇਸ਼ ਬਾਬੂ ਵਰਕਸ਼ਾਪ ਦੇ ਇੰਚਾਰਜ ਸਨ। ਦਿੱਲੀ-ਐਨ.ਸੀ.ਆਰ. ਵਿਚ 10 ਤੋਂ 18 ਸਾਲ ਦੇ 43 ਬੱਚਿਆਂ ਨੇ ਭਾਗ ਲਿਆ।

# ਸੰਤ ਰਾਜਿੰਦਰ